ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 22 ਜੁਲਾਈ ਮੰਗਲਵਾਰ 2025

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


# ਪਾਕਿ ’ਚ ਗੁਰੂ ਨਾਨਕ ਦੇਵ ਜੀ ’ਤੇ PhD ਕਰਨ ਵਾਲੀ ਪਹਿਲੀ ਮਹਿਲਾ ਡਾ. ਸੁਮੈਰਾ ਦਾ ਸਨਮਾਨ

ਬਰੈਂਪਟਨ, 22 ਜੁਲਾਈ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਬਰੈਂਪਟਨ ਦੇ ਪੰਜਾਬੀ ਭਵਨ ਵਿਚ ਵਿਸ਼ਵ ਪੰਜਾਬੀ ਸਭਾ ਵਲੋਂ ਡਾ. ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿਚ ਪਾਕਿਸਤਾਨ ’ਚ ਗੁਰੂ ਨਾਨਕ ਦੇਵ ਜੀ ’ਤੇ ਪਹਿਲੀ ਪੀ.ਐਚ.ਡੀ ਕਰਨ ਵਾਲੀ ਪੰਜਾਬਣ ਡਾ. ਸੁਮੈਰਾ ਸਫ਼ਦਰ ਦੇ ਅਦਬ ਵਿਚ ਉਨ੍ਹਾਂ ਲਈ ਸਨਮਾਨ ਸਮਾਰੋਹ ਤੇ ਸੰਵਾਦ ਰਚਾਇਆ ਗਿਆ।



ਇਸ ਮੌਕੇ ਬੋਲਦਿਆਂ ਚੰਡੀਗੜ੍ਹ ਦੀ ਸਾਬਕਾ ਮੇਅਰ ਬੀਬੀ ਹਰਜਿੰਦਰ ਕੌਰ ਨੇ ਕਿਹਾ ਗੁਰੂ ਨਾਨਕ ਦੇ ਘਰ ਦੀ ਬਾਤ ਪਾਕਿਸਤਾਨ ਦੀ ਸਰਜ਼ਮੀਨ ਤੋਂ ਆਰੰਭ ਕਰਕੇ ਡਾ. ਸਫ਼ਦਰ ਨੇ ਚੜ੍ਹਦੇ ਪੰਜਾਬ ਨੂੰ ਹਲੂਣਾ ਦਿੱਤਾ ਹੈ। ਉਨ੍ਹਾਂ ਕਿਹਾ, “ਇਸਲਾਮਾਬਾਦ ਦੀ ਇਸ ਧੀ ਨੇ ਲਹਿੰਦੇ ਪੰਜਾਬ ਵਿੱਚ ਗੁਰੂ ਨਾਨਕ ’ਤੇ ਖੋਜ ਕਾਰਜ ਕਰ ਕੇ ਪੰਜਾਬੀ ਕੌਮ ਨੂੰ ਇੱਕ ਮੰਚ ’ਤੇ ਖਲੋਣ ਲਈ ਸੱਦਾ ਦਿੱਤਾ ਹੈ ਤੇ ਸੁਨੇਹਾ ਦਿੱਤਾ ਹੈ ਕਿ ਗੁਰੂ ਨਾਨਕ ਦਾ ਫ਼ਲਸਫ਼ਾ ਸੰਸਾਰ ਭਰ ਲਈ ਚਾਨਣ ਮੁਨਾਰਾ ਹੈ।”

ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸੰਸਾਰ ਭਰ ’ਚ ਗੁਰੂ ਨਾਨਕ ’ਤੇ ਖੋਜਾਂ ਹੋਣ ਤਾਂ ਕਿ ਤਪ ਰਹੀਆਂ ਪਰਮਾਣੂ ਭੱਠੀਆਂ ਦਾ ਸੇਕ ਘਟ ਸਕੇ। ਉਨ੍ਹਾਂ ਡਾ. ਸੁਮੈਰਾ ਨੂੰ ਪਾਕਿਸਤਾਨ ਵਿੱਚ ਅਜਿਹੀ ਖੋਜ ਕਰਨ ’ਤੇ ਵਧਾਈ ਵੀ ਦਿੱਤੀ। ਡਾ. ਗੁਰਨਾਮ ਕੌਰ ਸਾਬਕਾ ਮੁਖੀ ਸਿੱਖ ਧਰਮ ਅਧਿਐਨ ਨੇ ਕਿਹਾ ਕਿ ਡਾ. ਸੁਮੈਰਾ ਨੇ ਆਪਣੇ ਖੋਜ ਪੱਤਰ ਵਿੱਚ ਗੁਰੂ ਨਾਨਕ ਦੇਵ ਜੀ ਬਾਰੇ ਅਹਿਮ ਸਵਾਲ ਉਠਾਏ ਹਨ, ਜਿਨ੍ਹਾਂ ਦੀ ਰੌਸ਼ਨੀ ਵਿੱਚ ਸਿਖਿਆਰਥੀਆਂ ਲਈ ਨਵੇਂ ਰਾਹ ਖੁੱਲ੍ਹਣਗੇ। ਗੁਰੂ ਨਾਨਕਬਾਣੀ ਵਿੱਚ ਵਿਸ਼ਵ ਦੇ ਜੀਣ ਥੀਣ ਦੀ ਸੋਚ ਪਈ ਹੈ। ਗੁਰੂ ਸਾਹਿਬ ਨੇ ‘ਜਪੁਜੀ ਸਾਹਿਬ’ ਵਿੱਚ ਹੀ ਮਨੁੱਖ ਦੀ ਹੋਣੀ ਨੂੰ ਘੜ ਦਿੱਤਾ ਹੈ। ਸਾਰੀ ਬਾਣੀ ਮਨੁੱਖ ਹੋਣ ਦੇ ਪਰਪਜ਼ ਨੂੰ ਹੀ ਉਜਾਗਰ ਕਰਦੀ ਹੈ। ਪਾਕਿਸਤਾਨ ਵਿੱਚ ਡਾ. ਸੁਮੈਰਾ ਪੰਜਾਬੀ ਦਾ ਧੰਨਭਾਗ ਹੈ। ਇਸ ਮੌਕੇ ਡਾ. ਸੁਮੈਰਾ ਨੇ ਕਿਹਾ, “ਪੰਜਾਬੀ ਚਿੰਤਨ ਗੁਰੂ ਨਾਨਕ ਦਾ ਰਿਣੀ ਹੈ, ਇਹ ਕਰਜ਼ ਅਸੀਂ ਆਪਣੇ ਵਿੱਚ ਗੁਣ ਧਾਰਨ ਕਰਕੇ ਹੀ ਉਤਾਰ ਸਕਦੇ ਹਾਂ।” ਉਨ੍ਹਾਂ ਕਿਹਾ, “ਆਪੇ ਨੂੰ ਪਛਾਨਣ ਦੀ ਜੁਗਤ ਨਾਨਕ ਘਰ ਵਿੱਚੋਂ ਹੀ ਪ੍ਰਾਪਤ ਹੋ ਸਕਦੀ ਹੈ।” ਉਨ੍ਹਾਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਾਹਿਤ ਕਲਾ ਤੇ ਸਭਿਆਚਾਰ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਉਨ੍ਹਾਂ ਖੋਜ ਕਰਦੇ ਸਮੇਂ ਪੇਸ਼ ਆਈਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ।

ਗਾਇਕ ਗੁਰਵਿੰਦਰ ਸਿੰਘ ਬਰਾੜ ਨੇ ਪੰਜਾਬੀ ਮਿਆਰੀ ਗੀਤ ਗਾ ਕੇ ਚੰਗਾ ਮਾਹੌਲ ਸਿਰਜਿਆ। ਹੁਸਨੈਨ ਅਕਬਰ ਨੇ ਸੂਫ਼ੀ ਕਲਾਮ ਪੇਸ਼ ਕੀਤਾ। ਇਸੇ ਦੌਰਾਨ ਰਾਜਵੀਰ ਬੋਪਾਰਾਏ, ਰਮਿੰਦਰ ਰੰਮੀ, ਰਿੰਟੂ ਭਾਟੀਆ, ਜਰਨੈਲ ਸਿੰਘ, ਹਰਜੀਤ ਗਿੱਲ ਪੱਤਰਕਾਰ ਹਰਜੀਤ ਕੌਰ ਭੰਬਰਾ, ਦਰਸ਼ਨਦੀਪ ਅਰੋੜਾ, ਹਰਜੀਤ ਬਾਜਵਾ, ਇੰਦਰਜੀਤ ਬੱਲ, ਮੀਤਾ ਖੰਨਾ ਆਦਿ ਨੇ ਵੀ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਖੂਬ ਰੌਣਕਾ ਲਾਈਆ ।







# ਅੰਟਾਰੀਓ ਖਾਲਸਾ ਦਰਬਾਰ ਵੱਲੋਂ ਫੀਲਡ ਹਾਕੀ ਕਲੱਬ ਦੇ ਬੈਨਰ ਹੇਠਾਂ ਲੜਕੇ ਤੇ ਲੜਕੀਆਂ ਦੇ ਹਾਕੀ ਦੇ ਮੈਚ ਕਰਵਾਏ ਗਏ

ਬਰੈਂਪਟਨ, 22 ਜੁਲਾਈ (ਵਿਸ਼ਵ ਪੰਜਾਬੀ ਸਾਂਝ ਕੈਨੇਡਾ ) – ਬੀਤੇ ਦਿਨ ਅੰਟਾਰੀਓ ਖਾਲਸਾ ਦਰਬਾਰ ਵੱਲੋਂ 12ਵਾਂ annual ਸੀਨੀਅਰ ਹਾਕੀ ਟੂਰਨਾਮੈਂਟ ਕਰਵਾਇਆ ਗਿਆ । ਇਸ ਮੌਕੇ ਖਾਸ ਤੌਰ 'ਤੇ ਓਪਨਿੰਗ ਸੈਰੇਮਨੀ ਦਾ ਆਯੋਜਨ ਵੀ ਕੀਤਾ ਗਿਆ ਸੀ । ਓਪਨਿੰਗ ਸੈਰੇਮਨੀ ਮੌਕੇ ਬਰੈਂਪਟਨ ਦੇ ਮੇਅਰ ਪੈ੍ਟਿਕ ਬਰਾਊਨ ਵੱਲੋਂ ਰੀਬਨ ਕੱਟਕੇ ਸੈਰੇਮਨੀ ਕੀਤੀ ਗਈ । ਇਸਦੇ ਇਲਾਵਾ ਲੜਕੇ ਤੇ ਲੜਕੀਆਂ ਦੇ ਮੈਂਚ ਦੇਖਣ ਨੂੰ ਮਿਲੇ । ਇਹਨਾਂ ਮੈਚਾਂ ਵਿੱਚ ਭਾਰੀ ਗਿਣਤੀ ਵਿੱਚ ਖੇਡ ਪ੍ਰੇਮੀਆਂ ਦਰਸ਼ਕਾਂ ਅਤੇ ਟੀਮਾਂ ਨੇ ਭਾਗ ਲਿਆ । ਸ਼ੁਰੂਆਤੀ ਦਿਨ ਵਿੱਚ ਕੁੜੀਆਂ ਦੇ ਮੈਚ ਦੇਖਣ ਨੂੰ ਮਿਲੇ । ਜ਼ਿਕਰ ਯੋਗ ਹੈ ਕਿ ਅੰਟਾਰੀਓ ਖਾਲਸਾ ਦਰਬਾਰ ਵੱਲੋਂ ਹਾਕੀ ਫੀਡ ਕਰਾਟੇ ਸੌਕਰ ਅਤੇ ਵਾਲੀਬਾਲ ਵਰਗੀਆਂ ਪ੍ਰਸਿੱਧ ਖੇਡਾਂ ਲਈ ਖਿਡਾਰੀਆਂ ਅਤੇ ਨਵੇਂ ਖਿਡਾਰੀਆਂ ਲਈ ਸਾਰੀਆਂ ਸਹੂਲਤਾਂ ਸਰਦੀ ਅਤੇ ਗਰਮੀ ਦੇ ਮੌਸਮ ਵਿੱਚ ਖੇਡਣ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ ਗੁਰਦੁਆਰਾ ਕਮੇਟੀ ਨੇ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਹਰ ਕਿਸਮ ਦੀ ਸਹੂਲਤ ਖਿਡਾਰੀਆਂ ਨੂੰ ਅੱਤ ਆਧੁਨਿਕ ਕਿਸਮ ਦੀ ਮੁਹੱਈਆ ਕਰਵਾਈ ਹੋਈ ਹੈ । ਇਹ ਖੇਡਾ ਦਾ ਸਿਲਸਿਲਾ ਲਗਭਗ ਪਿਛਲੇਂ 25 ਸਾਲਾਂ ਤੋਂ ਚੱਲਦਾ ਆਂ ਰਿਹਾ ਤੇ ਇਸਦੇ ਤਹਿਤ ਹੀ ਇਹ ਤਿੰਨ ਦਿਨਾਂ ਟੂਰਨਾਮੈਟ ਦਾ ਆਯੋਜਨ ਕੀਤਾ ਗਿਆ ਸੀ । ਪ੍ਰਬੰਧਕਾਂ ਨੇ ਦੱਸਿਆ ਕਿ ਅੰਟਾਰੀਓ ਖਾਲਸਾ ਦਰਬਾਰ ਵੱਲੋਂ ਗੁਰਮਤ ਸਕੂਲ ਅਤੇ ਖੇਡਾਂ ਲਈ ਬੱਚਿਆਂ ਨੂੰ ਹਰ ਤਰ੍ਹਾਂ ਦੀ ਸਪੋਰਟ ਕੀਤੀ ਜਾਂਦੀ ਹੈ ਅਤੇ ਵੱਖ-ਵੱਖਗਤੀਵਿਧੀਆਂ ਲਈ ਇਨਾਮ ਵੀ ਰੱਖੇ ਜਾਂਦੇ ਹਨ । ਇਸ ਮੌਕੇ ਜੇਤੂ ਸਾਰੇ ਖਿਡਾਰੀਆਂ ਨੂੰ ਅੰਟਾਰੀਓ ਖਾਲਸਾ ਦਰਬਾਰ ਦੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ ।
















NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING BASKETS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


Village of India
RESTAURANT & SWEETS
SNACKY DELIGHTS
GARMA GARAM JALEBI AND PAKODE
114 Kennedy Rd S,
Brampton, ON
905-450-3333

# ਕੈਨੇਡਾ 'ਚ ਪੰਜਾਬੀ ਨੌਜਵਾਨ ਵਿਰੁੱਧ ਲੱਗੇ ਦੋਸ਼ਾਂ 'ਤੇ ਰੋਕ


ਟੋਰਾਂਟੋ, 22 ਜੁਲਾਈ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਕੈਨੇਡਾ ਦੇ ਚਰਚਿਤ ਐਲਨਾਜ਼ ਹਜਤਾਮੀਰੀ ਮਾਮਲੇ ਦੇ ਸ਼ੱਕੀ ਹਰਸ਼ਪ੍ਰੀਤ ਸੇਖੋਂ ਵਿਰੁੱਧ ਲੱਗੇ ਦੋਸ਼ਾਂ 'ਤੇ ਰੋਕ ਲਾ ਦਿਤੀ ਗਈ ਹੈ। ਨਿਊਮਾਰਕਿਟ ਦੀ ਅਦਾਲਤ ਵਿਚ ਸੋਮਵਾਰ ਨੂੰ ਹਰਸ਼ਪ੍ਰੀਤ ਸੇਖੋਂ ਵਿਰੁੱਧ ਮੁਢਲੀ ਸੁਣਵਾਈ ਸ਼ੁਰੂ ਹੋਣ ਮੌਕੇ ਕ੍ਰਾਊਨ ਵੱਲੋਂ ਦੋਸ਼ਾਂ 'ਤੇ ਰੋਕ ਦਾ ਐਲਾਨ ਕੀਤਾ ਗਿਆ। 20 ਦਸੰਬਰ 2021 ਨੂੰ ਐਲਨਾਜ਼ ਹਜਤਾਮੀਰੀ ਉਤੇ ਫਰਾਈਂਗ ਪੈਨ ਨਾਲ ਹਮਲਾ ਕਰਨ ਵਾਲੇ ਕਥਿਤ ਸੱਤ ਜਣਿਆਂ ਵਿਚੋਂ ਇਕ ਹਰਸ਼ਪ੍ਰੀਤ ਸੇਖੋਂ ਦੱਸਿਆ ਗਿਆ। ਤਕਰੀਬਨ ਢਾਈ ਸਾਲ ਪਹਿਲਾਂ ਉਸ ਦੀ ਗ੍ਰਿਫ਼ਤਾਰੀ ਹੋਈ ਅਤੇ ਉਦੋਂ ਤੋਂ ਉਹ ਜ਼ਮਾਨਤ 'ਤੇ ਚੱਲ ਰਿਹਾ ਸੀ। ਇਸ ਤੋਂ ਪਹਿਲਾਂ ਜਸਪ੍ਰੀਤ ਸਿੰਘ ਅਤੇ ਅਕਾਸ਼ ਰਾਣਾ ਵਿਰੁੱਧ ਲੱਗੇ ਦੋਸ਼ਾਂ 'ਤੇ ਵੀ ਰੋਕ ਲਾਈ ਜਾ ਚੁੱਕੀ ਹੈ ਜੋ ਸਰਕਾਰੀ ਗਵਾਹ ਬਣ ਗਿਆ ਹੈ ਅਤੇ ਉਸ ਨੇ ਮੁਹੰਮਦ ਲੀਲੋ ਵਿਰੁੱਧ ਅਦਾਲਤ ਵਿਚ ਗਵਾਹੀ ਦਿਤੀ।

ਮੁੱਖ ਦੋਸ਼ੀ ਐਲਨਾਜ਼ ਦਾ ਸਾਬਕਾ ਪ੍ਰੇਮੀ ਮੁਹੰਮਦ ਲੀਲੋ ਹੈ ਜਦਕਿ ਦੋ ਹਮਲਾਵਰਾਂ ਰਿਆਸਤ ਸਿੰਘ ਅਤੇ ਹਰਸ਼ਦੀਪ ਬਿਨਰ ਨੇ ਕਬੂਲਨਾਮਾ ਦਾਖਲ ਕਰ ਦਿਤਾ ਸੀ। ਰਿਆਸਤ ਸਿੰਘ ਨੂੰ 2022 ਦੇ ਅੰਤ ਵਿਚ ਡਿਪੋਰਟ ਕਰ ਦਿਤਾ ਗਿਆ ਜਦਕਿ ਹਰਸ਼ਦੀਪ ਬਿਨਰ ਦੋ ਸਾਲ ਜੇਲ ਕੱਟਣ ਮਗਰੋਂ ਪਿਛਲੇ ਮਹੀਨੇ ਰਿਹਾਅ ਹੋਇਆ ਹੈ। ਅਦਾਲਤੀ ਕਾਰਵਾਈ ਮੁਤਾਬਕ ਹਰਸ਼ਦੀਪ ਬਿਨਰ ਅਤੇ ਰਿਆਸਤ ਸਿੰਘ ਨੇ ਐਲਨਾਜ਼ 'ਤੇ ਹਮਲਾ ਕੀਤਾ ਅਤੇ ਕਾਲੇ ਰੰਗ ਦੇ ਚੋਰੀਸ਼ੁਦਾ ਗੱਡੀ ਵਿਚ ਫਰਾਰ ਹੋ ਗਏ। ਇਹ ਗੱਡੀ ਆਕਾਸ਼ ਰਾਣਾ ਨੇ ਚੋਰੀ ਕਰ ਕੇ ਦਿਤੀ ਜਿਸ ਨੂੰ ਮਾਰਚ 2023 ਵਿਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਾਅਦ ਵਿਚ ਜ਼ਮਾਨਤ ਮਿਲ ਗਈ।

ਯਾਰਕ ਰੀਜਨ ਦੇ ਸੁਝਾਅ ਆਪਣੇ ਕਿਸੇ ਦੋਸਤ ਦੇ ਘਰ ਲੁਕੀ ਐਲਨਾਜ਼ ਨੂੰ ਅਗਵਾ ਕਰਨ ਦੇ ਯਤਨ ਦੌਰਾਨ ਇਹ ਵਾਰਦਾਤ ਹੋਈ ਕਿਉਂਕਿ ਨੇੜਿਉਂ ਲੰਘ ਰਹੇ ਇਕ ਸ਼ਖਸ ਨੇ ਸ਼ੱਕੀਆਂ ਦੇ ਇਰਾਦਿਆਂ 'ਤੇ ਪਾਣੀ ਫੇਰ ਦਿਤਾ ਪਰ ਜਾਂਦੇ-ਜਾਂਦੇ ਐਲਨਾਜ਼ ਦੇ ਸਿਰ 'ਤੇ ਫਰਾਈਂਗ ਪੈਨ ਮਾਰ ਗਏ।

ਮਾਮਲੇ ਦੇ ਇਕ ਹੋਰ ਸ਼ੱਕੀ ਸੁਖਪ੍ਰੀਤ ਸਿੰਘ ਨੂੰ ਪਿਛਲੇ ਮਹੀਨੇ ਟੈਕਸਸ ਦੇ ਸੈਨ ਐਂਟੋਨੀਓ ਇਲਾਕੇ ਵਿਚ ਇੰਮੀਗ੍ਰੇਸ਼ਨ ਵਾਲਿਆਂ ਨੇ ਕਾਬੂ ਕਰ ਲਿਆ ਅਤੇ ਹੁਣ ਉਸ ਨੂੰ ਕੈਨੇਡਾ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ।

# ਨਿਊ ਯਾਰਕ ਵਿਚ ਲਾਪਤਾ ਕੈਨੇਡੀਅਨ ਬੱਚੀ ਦੀ ਲਾਸ਼ ਬਰਾਮਦ



ਨਿਊ ਯਾਰਕ,22 ਜੁਲਾਈ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਅਮਰੀਕਾ ਦੇ ਨਿਊ ਯਾਰਕ ਸੂਬੇ ਵਿਚ ਲਾਪਤਾ ਕੈਨੇਡੀਅਨ ਬੱਚੀ ਦੀ ਲਾਸ਼ ਹੀ ਬਰਾਮਦ ਹੋ ਸਕੀ। 9 ਸਾਲਾ ਬੱਚੀ ਦੇ ਪਿਤਾ ਨੇ ਅਗਵਾ ਕੀਤੇ ਜਾਣ ਦੀ ਸ਼ਿਕਾਇਤ ਦਰਜ ਕਰਵਾਈ ਸੀ ਪਰ ਪੁਲਿਸ ਨੂੰ ਅਜਿਹਾ ਕੁਝ ਵੀ ਨਜ਼ਰ ਨਹੀਂ ਆਇਆ ਜਿਸ ਮਗਰੋਂ ਪਿਤਾ ਦੇ ਦਾਅਵਿਆਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ। ਨਿਊ ਯਾਰਕ ਸਟੇਟ ਪੁਲਿਸ ਨੇ ਦੱਸਿਆ ਕਿ ਸ਼ਨਿੱਚਰਵਾਰ ਸ਼ਾਮ ਸੂਬੇ ਦੇ ਉਤਰ ਪੂਰਬੀ ਇਲਾਕੇ ਵਿਚ ਲੇਕ ਜਾਰਜ ਨੇੜੇ ਮੈਲੀਨਾ ਫਰੈਟੋਲਿਨ ਦੇ ਲਾਪਤਾ ਹੋਣ ਦੀ ਇਤਲਾਹ ਮਿਲੀ। ਪਿਉ ਅਤੇ ਧੀ ਦੀ ਸ਼ਨਾਖਤ ਕੈਨੇਡੀਅਨ ਨਾਗਰਿਕਾਂ ਵਜੋਂ ਕੀਤੀ ਗਈ ਪਰ ਹੁਣ ਤੱਕ ਦੋਹਾਂ ਦੇ ਸ਼ਹਿਰ ਜਾਂ ਕਸਬੇ ਬਾਰੇ ਪਤਾ ਨਹੀਂ ਲੱਗ ਸਕਿਆ।

ਫਿਲਹਾਲ ਇਸ ਮਾਮਲੇ ਵਿਚ ਕੋਈ ਦੋਸ਼ ਆਇਦ ਨਹੀਂ ਕੀਤਾ ਗਿਆ ਅਤੇ ਪੁਲਿਸ ਵੱਲੋਂ ਮੈਲੀਨਾ ਦੀ ਮੌਤ ਨਾਲ ਸਬੰਧਤ ਕਈ ਸਵਾਲਾਂ ਦੇ ਜਵਾਬ ਮੁਹੱਈਆ ਨਹੀਂ ਕਰਵਾਏ ਗਏ। ਬੱਚੀ ਦੀ ਲਾਸ਼ ਐਤਵਾਰ ਨੂੰ ਲੇਕ ਜਾਰਜ ਤੋਂ 50 ਕਿਲੋਮੀਟਰ ਪੂਰਬ ਵੱਲ ਟਿਕੌਨਡਰੋਗਾ ਇਲਾਕੇ ਵਿਚੋਂ ਮਿਲੀ। ਇਹ ਇਲਾਕਾ ਵਰਮੌਂਟ ਸੂਬੇ ਦੇ ਸਰਹੱਦ ਨੇੜੇ ਪੈਂਦਾ ਹੈ ਅਤੇ ਬੱਚੀ ਦੀ ਭਾਲ ਵਾਸਤੇ ਪੁਲਿਸ ਦੇ ਕੇ-9 ਐਵੀਏਸ਼ਨ ਯੂਨਿਟ ਜੁਟੇ ਰਹੇ। ਨਿਊ ਯਾਰਕ ਸ਼ਹਿਰ ਤੋਂ ਟਿਕੌਨਡਰੋਗਾ ਦੀ ਦੂਰੀ ਤਕਰੀਬਨ 400 ਕਿਲੋਮੀਟਰ ਬਣਦੀ ਹੈ। ਪੁਲਿਸ ਵੱਲੋਂ ਅੱਜ ਪ੍ਰੈਸ ਕਾਨਫਰੰਸ ਕਰਦਿਆਂ ਮਾਮਲੇ ਦੀ ਵਿਸਤਾਰਤ ਜਾਣਕਾਰੀ ਮੁਹੱਈਆ ਕਰਵਾਈ ਜਾ ਸਕਦੀ ਹੈ ਪਰ ਦੂਜੇ ਪਾਸੇ ਬੱਚੀ ਦਾ ਪਿਤਾ ਲੂਚੀਆਨੋ ਫਰੈਟੋਲਿਨ ਐਤਵਾਰ ਸ਼ਾਮ ਤੱਕ ਮੀਡੀਆ ਦੇ ਸੰਪਰਕ ਵਿਚ ਨਾ ਆਇਆ ਅਤੇ ਸੋਸ਼ਲ ਮੀਡੀਆ ਰਾਹੀਂ ਭੇਜੇ ਕਿਸੇ ਸੁਨੇਹੇ ਦਾ ਜਵਾਬ ਵੀ ਨਾ ਦਿਤਾ। ਫਰੈਟੋਲਿਨ ਵੱਲੋਂ ਬਣਾਈ ਕੌਫੀ ਕੰਪਨੀ ਦੀ ਵੈਬਸਾਈਟ 'ਤੇ ਮੈਲੀਨਾ ਨੂੰ ਆਪਣੀ ਜ਼ਿੰਦਗੀ ਦਾ ਚਾਨਣ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਉਸ ਨੂੰ ਜ਼ਿੰਦਗੀ ਦੀ ਪ੍ਰੇਰਣਾ ਅਤੇ ਸਭ ਕੁਝ ਕਹਿ ਕੇ ਵੀ ਸੰਬੋਧਨ ਕੀਤਾ ਗਿਆ ਹੈ।







BRAMPTON
CASH & CARRY
AAPKI PASAND ATTA
20LB $9.98
KANHAJI BOONDI
350G $2.79
MEGH POHA MEDIUM
2LB $2.79
AAPKI PASAND ROASTED CHANA
400G $2.98
BEST FOOD GUR RUSK
600G $1.99
QILLA GOLD BASMATI RICE
10LB $11.98
QILLA PREMIUM BASMATI RICE
10LB $11.98
JASHAN 1121 SELLA BASMATI RICE
10LB $7.98
RAJDHANI MUSTARD OIL
5 LTR $19.98
TATA TEA AGNI LOOSE
1 KG $5.98
OLD DUTCH DETERGENT
6 LTR $6.98
LYALLPUR ATTA BISCUITS
1.8KG $9.98
BRAMPTON
CASH & CARRY
IMPORTER | WHOLESALER | RETAILER
CONTACT: 905-230-4800
100 KENNEDY ROAD SOUTH BRAMPTON

# ਸਾਹਿਤਕ ਸਰਗਰਮੀਆਂ

## ਪੰਜਾਬੀ ਕਹਾਣੀ

# ਲਾਵਾਂ ਦੀ ਲਾਜ

*ਪਿਛਲੇ ਅੰਕ ਵਿੱਚ ਰੂਪੀ ਉਸ ਨੂੰ ਚੁੱਪ ਕਰਵਾਉਣ ਲੱਗੀ। ਬਿੱਕਰ ਸਿੰਘ ਨਿਢਾਲ ਹੋ ਕੇ ਭੁੰਜੇ ਹੀ ਬਹਿ ਗਿਆ। ।*

ਉਸ ਨੂੰ ਯਕੀਨ ਨਹੀਂ ਆਉਂਦਾ ਸੀ ਕਿ ਉਸ ਦਾ ਸਵਰਗਾਂ ਵਰਗਾ ਘਰ ਪਲਾਂ 'ਚ ਉਜੜ ਗਿਆ। ਬਹੁਤ ਵਿਰਲਾਪ ਮਗਰੋਂ ਸ਼ਾਮੋ ਸਿਰ ਫੜ ਕੇ ਬਹਿ ਗਈ ਤੇ ਆਖਣ ਲੱਗੀ, "ਰੂਪੀ, ਪੁੱਤ ਤੂੰ ਉਸ ਨਿਰਮੋਹੇ ਨੂੰ ਪੁੱਛ ਤਾਂ ਸਹੀ ਤੇਰੇ 'ਚ ਕਮੀ ਕੀ ਹੈ? ਉਹ ਵਿਆਹ ਕਿਵੇਂ ਕਰਵਾ ਸਕਦੈ? ਹਾਲੇ ਤਾਂ ਤੇਰੇ ਚੂੜੇ ਦਾ ਰੰਗ ਵੀ ਫਿੱਕਾ ਨਹੀਂ ਪਿਆ।"



ਰੂਪੀ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਹ ਉੱਚੀ ਉੱਚੀ ਰੋਂਦਿਆਂ ਆਖਣ ਲੱਗੀ, "ਮਾਂ, ਤੁਸੀਂ ਮੇਰੇ ਪੇਕੇ ਘਰ ਕਿਸੇ ਨੂੰ ਨਹੀਂ ਦੱਸਣਾ।"

"ਪਰ ਧੀਏ ਆਹ ਜੋ ਜੱਗੋਂ ਤੇਰ੍ਹਵੀਂ ਤੇਰੇ ਨਾਲ ਹੋਈ ਐ ਇਹ ਭਲਾ ਲੁਕਾਉਣ ਵਾਲੀ ਗੱਲ ਹੈ? ਕਿਸੇ ਨਾ ਕਿਸੇ ਦਿਨ ਤਾਂ ਪਤਾ ਲੱਗਣਾ ਹੀ ਐ। ਤੈਨੂੰ ਉਸ ਨਿਰਮੋਹੇ 'ਤੇ ਇੰਨਾ ਤਰਸ ਕਿਉਂ ਆਉਂਦੈ? ਰੂਪੀ, ਉਹਨੇ ਤੇਰੇ ਨਾਲ ਬਹੁਤ ਵਧੀਕੀ ਕੀਤੀ ਹੈ। ਇਹ ਬਖ਼ਸ਼ਣਯੋਗ ਨਹੀਂ। ਤੂੰ ਉਸ 'ਤੇ ਕੇਸ ਕਰ ਦੇ। ਅਸੀਂ ਤੇਰੇ ਨਾਲ ਖੜ੍ਹੇ ਹਾਂ ਪੁੱਤ।"

"ਬੇਸ਼ੱਕ ਉਹ ਸਾਡਾ ਇੱਕੋ-ਇੱਕਪੁੱਤ ਹੈ, ਪਰ ਉਹ ਤੇਰਾ ਦੋਸ਼ੀ ਹੈ। ਕਮਲੇ ਨੇ ਲਾਵਾਂ ਦੀ ਲਾਜ ਵੀ ਨਾ ਰੱਖੀ।" ਇੰਨਾ ਆਖ ਸ਼ਾਮੋ ਫਿਰ ਰੋਣ ਲੱਗੀ।



ਆਥਣੇ ਮੀਤੋ ਕਿਸੇ ਕੰਮ ਉਨ੍ਹਾਂ ਦੇ ਘਰ ਆਈ ਤਾਂ ਚੁੱਪ ਪਸਰੀ ਵੇਖ ਬੋਲੀ, "ਕੁੜੇ ਚਾਹ ਨਾ ਪਿਆਉਣੀ ਪੈ ਜਾਏ ਤਾਂ ਕਰਕੇ ਨੂੰਹ ਸੱਸ ਕੁਸਕਦੀਆਂ ਵੀ ਨਹੀਂ।"

ਰੂਪੀ ਨੇ ਉਸ ਦੀ ਗੱਲ ਸੁਣ ਆਖਿਆ, "ਭੂਆ, ਆ ਜਾ ਲੰਘ ਆ। ਚਾਹ ਬਣਗੀ ਸਮਝ।"

ਰੂਪੀ ਨੂੰ ਇੰਝ ਸੁਸਤ ਜਿਹੀ ਵੇਖ ਉਸ ਨੇ ਸ਼ਾਮੋ ਨੂੰ ਪੁੱਛਿਆ, "ਕੁੜੇ ਸੁੱਖ ਐ, ਕੀ ਗੱਲ ਇੰਜ ਢੇਰੀ ਢਾਹੀ ਬੈਠੀ ਐਂ?" ਸ਼ਾਮੋ ਨੇ ਭਰੇ ਗਲ? ਨਾਲ ਕਿਹਾ, "ਮੀਤੋ, ਅਸੀਂ ਤੇਰੀ ਭਤੀਜੀ ਦੇ ਦੋਖੀ ਆਂ। ਸਾਡਾ ਮੁੰਡਾ ਮਾੜੀ ਕਰ ਗਿਆ ਕੁੜੀ ਨਾਲ।"

ਮੀਤੋ ਨੇ ਘਾਬਰ ਕੇ ਪੁੱਛਿਆ, "ਕੁੜੇ ਸ਼ਾਮੋ, ਸਿੱਧੀ ਗੱਲ ਦੱਸ। ਮੇਰੇ ਹੌਲ ਪੈਣ ਵਾਲਾ ਕਰਤਾ ਤੂੰ ਤਾਂ।"

"ਕੀ ਦੱਸਾਂ... ਜੀਤੇ ਨੇ ਓਧਰ ਵਿਆਹ ਕਰਵਾ ਲਿਆ। ਅੱਗਿਓਂ ਕਹਿੰਦਾ, ਮੇਰੇ ਨਾਂ ਆਉਂਦੀ ਜ਼ਮੀਨ ਰੂਪੀ ਨੂੰ ਦੇ ਕੇ ਪੇਕੇ ਤੋਰ ਦਿਓ।" ਗੱਲ ਸੁਣ ਕੇ ਮੀਤੋ ਜੋ ਅਵਾ-ਤਵਾ ਮੂੰਹ 'ਚ ਆਇਆ ਬੋਲਣ ਲੱਗੀ। ਉਸ ਦਾ ਬੀਪੀ ਵਧ ਗਿਆ ਤੇ ਤ੍ਰੇਲੀਆਂ ਆਉਣ ਲੱਗੀਆਂ। ਉਹ ਗੁੱਸੇ 'ਚ ਸ਼ਾਮੋ ਦੇ ਘਰੋਂ ਤੁਰ ਪਈ ਤੇ ਜਾ ਕੇ ਨੂੰਹ ਤੋਂ ਰੂਪੀ ਦੇ ਪੇਕਿਆਂ ਨੂੰ ਫੋਨ ਕਰਵਾ ਕੇ ਪਿੰਡ ਆਉਣ ਲਈ ਆਖਿਆ। ਅਗਲੇ ਦਿਨ ਹੀ ਰੂਪੀ ਦੇ ਮਾਤਾ ਪਿਤਾ ਉਸ ਦੇ ਘਰ ਪਹੁੰਚੇ। ਮੀਤੋ ਨੂੰ ਵੀ ਸੱਦਿਆ। ਰੂਪੀ ਦਾ ਮੁਰਝਾਇਆ ਚਿਹਰਾ ਵੇਖ ਉਸ ਦੀ ਮਾਂ ਨੂੰ ਜਾਪਿਆ ਕਿ ਸ਼ਾਇਦ ਨੂੰਹ ਸੱਸ ਦੀ ਕੋਈ ਮਾੜੀ ਮੋਟੀ ਗੱਲ ਹੋ ਗਈ ਹੋਵੇ। ਜਿਉਂ ਹੀ ਸ਼ਾਮੋ ਨੇ ਸਾਰਿਆਂ ਨੂੰ ਚਾਹ ਪਿਆ ਕੇ ਗੱਲਾਂ ਦਾ ਸਿਲਸਿਲਾ ਤੋਰਨਾ ਚਾਹਿਆ ਤਾਂ ਉਸ ਤੋਂ ਕੁਝ ਵੀ ਬੋਲਿਆ ਨਾ ਗਿਆ। ਆਖ਼ਰ ਰੂਪੀ ਦੇ ਪਿਤਾ ਨੇ ਪੁੱਛਿਆ, "ਰੂਪੀ ਪੁੱਤ, ਕਿਸੇ ਖ਼ਾਸ ਗੱਲ ਲਈ ਬੁਲਾਇਐ?" ਤਾਂ ਉਹ ਵੀ ਚੁੱਪ ਹੀ ਰਹੀ। ਉਨ੍ਹਾਂ ਨੂੰ ਚੁੱਪ ਵੇਖ ਮੀਤੋ ਭਰੇ ਗੱਚ ਨਾਲ ਬੋਲੀ, "ਸੋਹਣੇ ਵੀਰ, ਮੈਂ ਤੇਰੀ ਧੀ ਦੀ ਦੋਖੀ ਹਾਂ।" "ਪਰ ਗੱਲ ਕੀ ਹੋਈ?" ਸੋਹਣ ਸਿੰਘ ਨੇ ਚਿੰਤਾ ਵਿੱਚ ਪੁੱਛਿਆ।

'ਬਸ ਪੁੱਛ ਨਾ... ਜੀਤਾ ਡੋਬ ਗਿਆ ਆਪਣੀ ਰੂਪੀ ਨੂੰ। ਉਸ ਨੇ ਬਾਹਰ ਜਾ ਕੇ ਹੋਰ ਹੀ ਚੰਨ ਚਾੜ੍ਹ ਦਿੱਤਾ। ਉੱਥੇ ਵਿਆਹ ਕਰਵਾ ਲਿਆ ਉਸ ਨੇ। ਮੈਨੂੰ ਤਾਂ ਭਾਈ ਨੀਵੇਂ ਥਾਂ ਬਿਠਾ ਕੇ ਜੁੱਤੀਆਂ ਮਾਰਿਓ ਭਾਵੇਂ! ਜੇ ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਕਦੇ ਇਹ ਪਾਪ ਨਾ ਕਰਦੀ।" ਰੂਪੀ ਦੀ ਮਾਂ ਨੂੰ ਇੰਨਾ ਹਰਖ ਚੜ੍ਹਿਆ ਕਿ ਉਹ ਬਿੱਕਰ ਸਿੰਘ ਤੇ ਸ਼ਾਮੋ ਨੂੰ ਬੁਰਾ ਭਲਾ ਆਖਣ ਲੱਗੀ, ਪਰ ਉਹ ਦੋਵੇਂ ਭੋਰਾ ਨਾ ਕੁਸਕੇ। ਚੁੱਪ ਕਰਕੇ ਨੀਵੀਂ ਪਾ ਸੁਣੀ ਗਏ। ਜਦੋਂ ਉਸ ਦੇ ਮਾਪਿਆਂ ਨੇ ਬੋਲਣ ਵਾਲੀ ਹੱਦ ਟੱਪ ਦਿੱਤੀ ਤਾਂ ਰੂਪੀ ਨੇ ਉੱਚੀ ਉੱਚੀ ਆਖਿਆ, "ਬਸ ਕਰੋ ਸਾਰੇ। ਇਹ ਰੌਲਾ ਤੁਸੀਂ ਮੇਰੇ ਕਰਕੇ ਹੀ ਪਾ ਰਹੇ ਹੋ ਨਾ! ਮੈਨੂੰ ਇੱਥੇ ਰਹਿਣ 'ਚ ਕੋਈ ਤਕਲੀਫ਼ ਨਹੀਂ। ਮੈਂ ਇਸ ਘਰ ਵਿਆਹ ਕੇ ਆਈ ਹਾਂ ਤੇ ਇੱਥੇ ਹੀ ਰਹੂੰ, ਭਾਵੇਂ ਜੀਤਾ ਮੇਰੇ ਕੋਲ ਮੁੜੇ ਜਾਂ ਨਾ।" ਰੂਪੀ ਦੀ ਗੱਲ ਸੁਣ ਕੇ ਸੋਹਣ ਸਿੰਘ ਗੁੱਸੇ 'ਚ ਬੋਲਿਆ, "ਕੁੜੀਏ, ਤੇਰੀ ਨਿਆਣ ਮੱਤ ਐ। ਇੰਜ ਨਹੀਂ ਉਮਰਾਂ ਲੰਘਦੀਆਂ ਹੁੰਦੀਆਂ। ਕਦੋਂ ਤੱਕ ਉਡੀਕੀ ਜਾਏਂਗੀ ਐਸੇ ਬੇਗੈਰਤ ਨੂੰ ਜਿਹੜਾ ਸਾਲ 'ਚ ਧੋਖਾ ਦੇ ਗਿਆ? ਤੂੰ ਸਾਡੇ ਨਾਲ ਚੱਲ। ਜਦੋਂ ਕੋਰਟ 'ਚ ਕੇਸ ਕੀਤਾ ਤੇ ਉਹਦੇ ਮਾਂ ਪਿਉ ਨੂੰ ਜੇਲ੍ਹ ਜਾਣਾ ਪਿਆ, ਵੇਖੀਂ ਕਿਵੇਂ ਭੱਜਿਆ ਆਉਂਦਾ। ਬਿਨਾਂ ਤਲਾਕ ਵਿਆਹ ਕਰਵਾਉਣ ਦਾ ਸੁਆਦ ਤਾਂ ਉਹਨੂੰ ਹੁਣ ਆਊ," ਸੋਹਣ ਸਿੰਘ ਦਾ ਗੁੱਸਾ ਜਾਇਜ਼ ਸੀ। ਬਿੱਕਰ ਸਿੰਘ ਨੇ ਹੱਥ ਜੋੜ ਆਖਿਆ, "ਭਾਈ ਸੋਹਣੇ, ਰੂਪੀ ਸਾਡੀ ਵੀ ਕੁਝ ਲੱਗਦੀ ਹੈ। ਜੇ ਮੈਨੂੰ ਪਤਾ ਹੁੰਦਾ ... ਨੇ ਇੰਜ ਕਰਨੀ ਐ ਤਾਂ ਮੈਂ ਕਦੇ ਤੇਰੀ ਧੀ ਲਈ ਦੁੱਖ ਨਾ ਸਹੇੜਦਾ।

ਚਲਦਾ

## ਪੰਜਾਬੀ ਕਵਿਤਾਵਾਂ

ਸੱਜਣ ਸ਼ਹਿਰ ਗਰਾਂ ਨਹੀਂ ਭੁੱਲੇ।
ਆਪਣੇ ਸੀ ਉਹ ਤਾਂ ਨਹੀਂ ਭੁੱਲੇ।
ਮੋੜ, ਚੁਰਾਹੇ, ਗਲੀਆਂ, ਸੜਕਾਂ,
ਕੌਡੂ ਮੱਲ੍ਹ ਸਰਾਂ ਨਹੀਂ ਭੁੱਲੇ।
ਲੁਕਣਮੀਚੀ ਛੂਹਣ-ਛਪਾਈਆਂ,
'ਵੇਲੀ ਖੰਡਰ-ਨੁਮਾਨਹੀਂ ਭੁੱਲੇ।
ਜੀਂਦੜ, ਖੁੰਡਾ, ਫੇਰੋਚੇਚੀ,
ਨਾਨੋਵਾਲ ਕਲਾਂ ਨਹੀਂ ਭੁੱਲੇ।
ਲੰਬੂ, ਬੌਣਾ, ਗੱਪੀ, ਸੜੀਅਲ,
ਨਾਂ ਦੇ ਪਾਏ ਕੁਨਾਂ ਨਹੀਂ ਭੁੱਲੇ।
ਦਾਣੇ ਝੋਲੀ ਵਿੱਚ ਭੁੰਨਾਏ,
ਭੱਠੀ ਵਾਲੀ ਥਾਂ ਨਹੀਂ ਭੁੱਲੇ।
ਦੁੱਧ, ਦਹੀਂ ਉਹ ਘਰੜ ਦੇ ਛੰਨੇ,
ਚੂਰੀ ਦਿੰਦੀ ਮਾਂ ਨਹੀਂ ਭੁੱਲੇ।
ਫੇਰ ਮਿਲਣ ਦਾ ਵਾਅਦਾ ਕੀਤਾ,
ਨਾਂਹ-ਨਾਂਹਕਹਿਕੇ ਹਾਂ ਨਹੀਂ ਭੁੱਲੇ।
ਛੱਡੇ ਪਿੰਡ ਦੀ ਪੀੜ ਨਾ ਭੁੱਲੇ,
ਮੋਹ ਦੀ ਠੰਢੀ ਛਾਂ ਨਹੀਂ ਭੁੱਲੇ।
ਬੋਲ ਬੋਲ 'ਤੋਂ ਜਾਨ ਵਾਰਦੇ,
ਯਾਰ ਜੋ ਸੱਜੀ ਬਾਂਹ ਨਹੀਂ ਭੁੱਲੇ।
ਅੱਲੜ੍ਹ ਉਮਰੇ ਹੋਈਆਂ ਭੁੱਲਾਂ,
ਦਿਲ 'ਚੋਂ 'ਪਾਰਸ' ਨਾਂ ਨਹੀਂ ਭੁੱਲੇ।

**ਪ੍ਰਤਾਪ 'ਪਾਰਸ' ਗੁਰਦਾਸਪੁਰੀ**

# ਬੈੱਡ 'ਤੇ ਪੈਂਦਿਆ ਹੀ ਤੁਹਾਡੇ ਦਿਮਾਗ਼ ਵਿੱਚ ਆਉਣ ਲੱਗ ਪੈਂਦੇ ਨੇ ਹਜ਼ਾਰਾਂ ਖਿਆਲ ਤਾਂ ਜਾਣੋ ਤੁਸੀਂ ਨੀਂਦ ਦੀ ਕਿਹੜੀ ਬਿਮਾਰੀ ਤੋਂ ਪੀੜਤ ?

ਨਵੀਂ ਦਿੱਲੀ,22 ਜੁਲਾਈ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਦਿਨ ਭਰ ਦੀ ਭੱਜ-ਦੌੜ ਤੋਂ ਬਾਅਦ, ਅਸੀਂ ਆਰਾਮ ਦੀ ਭਾਲ ਵਿੱਚ ਬਿਸਤਰੇ 'ਤੇ ਪਹੁੰਚ ਜਾਂਦੇ ਹਾਂ ਪਰ ਇੱਥੇ ਅਸੀਂ ਨੀਂਦ ਦੀ ਉਮੀਦ ਵਿੱਚ ਪਾਸਾ ਵੱਟਦੇ ਰਹਿੰਦੇ ਹਾਂ। ਘੰਟਿਆਂ ਤੱਕ ਬਿਸਤਰੇ 'ਤੇ ਲੇਟਣ ਤੋਂ ਬਾਅਦ ਵੀ, ਸਾਨੂੰ ਨੀਂਦ ਨਹੀਂ ਆਉਂਦੀ। ਅਜਿਹੇ ਵਿੱਚ ਇਹ ਨੀਂਦ ਵਿਕਾਰ ਦੀ ਨਿਸ਼ਾਨੀ ਹੋ ਸਕਦੀ ਹੈ। ਅਕਸਰ ਲੋਕ ਇਸ ਸਮੱਸਿਆ ਨੂੰ ਦਿਨ ਦੀ ਥਕਾਵਟ ਅਤੇ ਚਿੰਤਾ ਨਾਲ ਜੋੜ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਆਓ ਜਾਣਦੇ ਹਾਂ ਕਿ ਇਹ ਨੀਂਦ ਵਿਕਾਰ ਕੀ ਹਨ ਅਤੇ ਇਹ ਸਰੀਰ 'ਤੇ ਕਿਵੇਂ ਪ੍ਰਭਾਵ ਪਾਉਂਦੇ ਹਨ...



## ਇਹ ਨੀਂਦ ਵਿਕਾਰ ਰਾਤ ਦੀ ਨੀਂਦ ਨੂੰ ਖੋਹ ਸਕਦੇ ਨੇ

*ਅਨੀਂਦਰਾ (Insomnia): ਇਹ ਰਾਤ ਦੀ ਨੀਂਦ ਨੂੰ ਖੋਹਣ ਲਈ ਮੁੱਖ ਨੀਂਦ ਵਿਕਾਰ ਹੈ। ਇਸ ਵਿੱਚ ਦੋ ਤਰ੍ਹਾਂ ਦੇ ਮਾਮਲੇ ਹਨ। ਪਹਿਲਾ, ਪੁਰਾਣੀ ਨੀਂਦ ਵਿਕਾਰ ਵਿੱਚ, ਇੱਕ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਨੀਂਦ ਦੀਆਂ ਸਮੱਸਿਆਵਾਂ ਨਾਲ ਜੂਝਣ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਰਾਤ ਨੂੰ ਬਿਸਤਰੇ 'ਤੇ ਪਾਸੇ ਬਦਲਦੇ ਰਹੋ। ਦਿਨ ਵੇਲੇ ਥਕਾਵਟ ਮਹਿਸੂਸ ਕਰੋ। ਅਜਿਹੇ ਲੱਛਣ ਪੁਰਾਣੀ ਨੀਂਦ ਵਿਕਾਰ ਵਿੱਚ ਦੇਖੇ ਜਾ ਸਕਦੇ ਹਨ। ਇਸ ਦੇ ਨਾਲ ਹੀ, ਤੀਬਰ ਨੀਂਦ ਵਿਕਾਰ ਦੀ ਸਥਿਤੀ ਕੁਝ ਦਿਨਾਂ ਜਾਂ ਹਫ਼ਤਿਆਂ ਤੱਕ ਰਹਿ ਸਕਦੀ ਹੈ। ਰੁਝੇਵੇਂ ਭਰੀ ਜੀਵਨ ਸ਼ੈਲੀ, ਤਣਾਅ, ਚਿੰਤਾ ਆਦਿ ਇਸ ਦੇ ਪਿੱਛੇ ਕਾਰਨ ਹੋ ਸਕਦੇ ਹਨ।*

## ਪਹਿਲਾਂ ਸਮਝੋ ਕਿ ਨੀਂਦ ਵਿਕਾਰ ਕੀ ਹੈ ?



ਸਿਹਤਮੰਦ ਸਰੀਰ ਲਈ ਚੰਗੀ ਨੀਂਦ ਜ਼ਰੂਰੀ ਹੈ। ਸਿਹਤ ਮਾਹਿਰ ਇਹ ਵੀ ਕਹਿੰਦੇ ਹਨ ਕਿ ਚੰਗੀ ਨੀਂਦ ਸਰੀਰ ਨੂੰ ਬਹਾਲ ਕਰਨ ਵਿੱਚ ਮਦਦ ਕਰਦੀ ਹੈ ਪਰ ਜਦੋਂ ਇਹ ਨੀਂਦ ਤੁਹਾਡੀ ਦੁਸ਼ਮਣ ਬਣ ਜਾਂਦੀ ਹੈ, ਤਾਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਘੰਟਿਆਂ ਤੱਕ ਬਿਸਤਰੇ 'ਤੇ ਲੇਟਣ ਤੋਂ ਬਾਅਦ ਵੀ, ਪਲਕਾਂ ਨਹੀਂ ਝਪਕਦੀਆਂ। ਭਾਵੇਂ ਅੱਖਾਂ ਬੰਦ ਹੋਣ, ਉਹ ਕੁਝ ਸਮੇਂ ਬਾਅਦ ਖੁੱਲ੍ਹ ਜਾਂਦੀਆਂ ਹਨ। ਨੀਂਦ ਨਾ ਆਉਣ ਦਾ ਇਹ ਕਾਰਨ ਨੀਂਦ ਵਿਕਾਰ ਹੋ ਸਕਦਾ ਹੈ। ਕਈ ਤਰ੍ਹਾਂ ਦੀਆਂ ਨੀਂਦ ਵਿਕਾਰ ਹਨ। ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ, ਕਈ ਵਾਰ ਤੁਹਾਨੂੰ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਕਰਨੇ ਪੈਂਦੇ ਹਨ, ਜਦੋਂ ਕਿ ਕਈ ਮਾਮਲਿਆਂ ਵਿੱਚ ਸਿਹਤ ਮਾਹਿਰ ਦਵਾਈ ਲੈਣ ਦੀ ਸਲਾਹ ਦਿੰਦੇ ਹਨ।

### ਸਲੀਪ ਐਪਨੀਆ

ਸਲੀਪ ਐਪਨੀਆ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਨੀਂਦ ਦੌਰਾਨ ਵਾਰ-ਵਾਰ ਸਾਹ ਲੈਣਾ ਬੰਦ ਹੋ ਜਾਂਦਾ ਹੈ। ਇਸ ਕਾਰਨ ਅੱਖਾਂ ਅਚਾਨਕ ਖੁੱਲ੍ਹ ਜਾਂਦੀਆਂ ਹਨ। ਇਸ ਕਾਰਨ ਵਿਅਕਤੀ ਨੂੰ ਡੂੰਘੀ ਤੇ ਸ਼ਾਂਤ ਨੀਂਦ ਨਹੀਂ ਆਉਂਦੀ। ਨੀਂਦ ਵਿਗੜਦੀ ਰਹਿੰਦੀ ਹੈ। ਇਹ ਸਮੱਸਿਆ ਮੁੱਖ ਤੌਰ 'ਤੇ ਸਾਹ ਲੈਣ ਵਾਲੇ ਮਰੀਜ਼ਾਂ ਨੂੰ ਪਰੇਸ਼ਾਨ ਕਰਦੀ ਹੈ। ਅਜਿਹੀ ਸਥਿਤੀ ਵਿੱਚ ਦਿਨ ਵੇਲੇ ਬਹੁਤ ਜ਼ਿਆਦਾ ਨੀਂਦ ਆਉਣਾ, ਥਕਾਵਟ, ਸਿਰ ਦਰਦ ਅਤੇ ਇਕਾਗਰਤਾ ਦੀ ਘਾਟ ਵਰਗੇ ਲੱਛਣ ਦੇਖੇ ਜਾ ਸਕਦੇ ਹਨ।

### ਬੇਚੈਨ ਲੱਤ ਸਿੰਡਰੋਮ

ਬੇਚੈਨ ਲੱਤ ਸਿੰਡਰੋਮ ਵਿੱਚ, ਲੱਤ ਵਿੱਚ ਜਲਣ ਜਾਂ ਝਰਨਾਹਟ ਦੀ ਭਾਵਨਾ ਮਹਿਸੂਸ ਹੁੰਦੀ ਹੈ। ਇਸ ਦੌਰਾਨ, ਲੱਤ ਨੂੰ ਹਿਲਾ ਕੇ ਰਾਹਤ ਮਿਲਦੀ ਹੈ। ਇਹ ਸਮੱਸਿਆ ਵਿਅਕਤੀ ਨੂੰ ਸੌਂਦੇ ਸਮੇਂ ਜ਼ਿਆਦਾ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਰਾਤ ਦੀ ਨੀਂਦ ਵਿਗੜ ਜਾਂਦੀ ਹੈ। ਇਸ ਸਮੱਸਿਆ ਤੋਂ ਸਥਾਈ ਰਾਹਤ ਨਹੀਂ ਮਿਲ ਸਕਦੀ, ਪਰ ਇਸਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

ਜਿਸ ਕਾਰਨ ਨੀਂਦ ਦੀ ਸਮੱਸਿਆ ਤੋਂ ਕਾਫ਼ੀ ਹੱਦ ਤੱਕ ਛੁਟਕਾਰਾ ਪਾਇਆ ਜਾ ਸਕਦਾ ਹੈ। ਇਲਾਜ ਤੋਂ ਬਾਅਦ, ਰਾਤ ਨੂੰ ਵੀ ਸਹੀ ਨੀਂਦ ਆ ਸਕਦੀ ਹੈ।






# ਘਰੋਂ ਕੰਮ ਕਰਨ ਦੇ ਨਾਂ 'ਤੇ ਧੋਖਾਧੜੀ; 17 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਵਾਲੇ 4 ਗ੍ਰਿਫਤਾਰ



ਨਵੀ ਦਿੱਲੀ, 22 ਜੁਲਾਈ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਘਰੋਂ ਕੰਮ ਕਰਨ ਦੇ ਨਾਂ 'ਤੇ ਝਾਸੇ ਹੇਠ ਫਸਾ ਕੇ 17 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਵਾਲੇ 4 ਵਿਅਕਤੀਆਂ ਨੂੰ ਦਿੱਤਲੀ ਪੁਲੀਸ ਨੇ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਧੋਖਾਧੜੀ ਪੂਰੇ ਭਾਰਤ ਵਿੱਚ ਫੈਲੀ ਹੋਈ ਇੱਕ ਘਰੋਂ ਕੰਮ ਕਰਨ ਵਾਲੀ ਯੋਜਨਾ ਦਾ ਹਿੱਸਾ ਸੀ, ਜਿੱਥੇ ਪੀੜਤਾਂ ਨੂੰ ਵੈੱਬਸਾਈਟਾਂ ਦੀ ਸਮੀਖਿਆ ਕਰਕੇ ਪੈਸੇ ਕਮਾਉਣ ਦੀ ਪੇਸ਼ਕਸ਼ ਕੀਤੀ ਜਾਂਦੀ ਸੀ। ਮੁਲਜ਼ਮਾਂ ਦੀ ਪਛਾਣ ਅੰਕੁਰ ਮਿਸ਼ਰਾ (22), ਕ੍ਰਤਾਰਥ (21), ਵਿਸ਼ਵਾਸ ਸ਼ਰਮਾ (32) ਅਤੇ ਕੇਤਨ ਮਿਸ਼ਰਾ (18) ਵਜੋਂ ਹੋਈ ਹੈ। ਇਹ ਵਿਅਕਤੀ ਸੋਸ਼ਲ ਮੀਡੀਆ ਰਾਹੀਂ ਅਣਜਾਣ ਪੀੜਤਾਂ ਨੂੰ ਲੁਭਾਉਂਦੇ ਸਨ, ਉਨ੍ਹਾਂ ਨੂੰ ਆਕਰਸ਼ਕ ਆਨਲਾਈਨ ਨੌਕਰੀਆਂ ਦੇ ਮੌਕੇ ਪੇਸ਼ ਕਰਦੇ ਸਨ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਉੱਚ-ਇਨਾਮੀ ਕਾਰਜਾਂ ਬਹਾਨੇ ਕ੍ਰਿਪਟੋਕਰੰਸੀ-ਲਿੰਕਡ ਵਿੱਤੀ ਜਾਲਾਂ ਵਿੱਚ ਫਸਾ ਦਿੰਦੇ ਸਨ। ਡੀਸੀਪੀ (ਦੱਖਣ-ਪੱਛਮ) ਅਮਿਤ ਗੋਇਲ ਨੇ ਦੱਸਿਆ, "ਪੀੜਤ ਨੇ 27 ਮਈ ਨੂੰ ਇੱਕ ਸ਼ਿਕਾਇਤ ਦਰਜ ਕਰਾਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਸ ਨਾਲ ਵੈੱਬਸਾਈਟਾਂ ਦੀ ਸਮੀਖਿਆ ਕਰਕੇ ਪੈਸੇ ਕਮਾਉਣ ਦੀ ਪੇਸ਼ਕਸ਼ ਨਾਲ ਸੰਪਰਕ ਕੀਤਾ ਗਿਆ ਸੀ। ਸ਼ੁਰੂ ਵਿੱਚ, ਸ਼ਿਕਾਇਤਕਰਤਾ ਨੂੰ ਪ੍ਰਤੀ ਸਮੀਖਿਆ 50 ਰੁਪਏ ਮਿਲੇ, ਪਰ ਜਲਦੀ ਹੀ ਉਸਨੂੰ ਵਧੇਰੇ ਰਿਟਰਨ ਦੇ ਵਾਅਦੇ ਤਹਿਤ ਪ੍ਰੀਪੇਡ ਕ੍ਰਿਪਟੋਕਰੰਸੀ ਲੈਣ-ਦੇਣ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ ਗਿਆ।" ਗੋਇਲ ਨੇ ਦੱਸਿਆ ਕਿ ਸਮੇਂ ਦੇ ਨਾਲ ਧੋਖੇਬਾਜ਼ ਵੱਖ-ਵੱਖਬਹਾਨਿਆਂ ਨਾਲ ਹੋਰ ਜਮਹਾਂ ਰਾਸ਼ੀ ਦੀ ਮੰਗ ਕਰਦੇ ਰਹੇ ਅਤੇ ਉਸ ਨਾਲ ਕੁੱਲ 17.49 ਲੱਖ ਰੁਪਏ ਦੀ ਠੱਗੀ ਹੋਈ। ਇਸ ਸਬੰਧੀ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਜਾਂਚ ਦੌਰਾਨ ਪੁਲੀਸ ਨੇ ਪਾਇਆ ਕਿ ਸ਼ਿਕਾਇਤਕਰਤਾ ਦੇ ਖਾਤੇ ਵਿੱਚੋਂ 5 ਲੱਖ ਰੁਪਏ ਅੰਕੁਰ ਮਿਸ਼ਰਾ ਦੇ ਨਾਮ 'ਤੇ ਰਜਿਸਟਰਡ ਇੱਕ ਨਿੱਜੀ ਬੈਂਕ ਖਾਤੇ ਵਿੱਚ ਭੇਜੇ ਗਏ ਸਨ। ਸੀਸੀਟੀਵੀ ਕੈਮਰੇ ਦੀ ਫੁਟੇਜ ਨੇ ਉਸ ਦੀ ਪਛਾਣ ਦੀ ਪੁਸ਼ਟੀ ਕੀਤੀ, ਨਾਲ ਹੀ ਦੋ ਸਹਿ-ਮੁਲਜ਼ਮ ਵੀ ਚੈੱਕ ਰਾਹੀਂ ਫੰਡ ਕਢਵਾਉਂਦੇ ਹੋਏ ਪਾਏ ਗਏ। ਡੀਸੀਪੀ ਨੇ ਕਿਹਾ, "ਤਕਨੀਕੀ ਵਿਸ਼ਲੇਸ਼ਣ ਤੋਂ ਬਾਅਦ ਪਤਾ ਲੱਗਿਆ ਕਿ ਧੋਖਾਧੜੀ ਦਾ ਇਹ ਗਿਰੋਹ ਕਈ ਸ਼ਹਿਰਾਂ ਵਿੱਚ ਕੰਮ ਕਰ ਰਿਹਾ ਸੀ, ਜਿਨ੍ਹਾਂ ਵਿੱਚ ਉੱਤਰ ਪ੍ਰਦੇਸ਼ ਦੇ ਲਖਨਊ ਅਤੇ ਆਗਰਾ ਅਤੇ ਮੱਧ ਪ੍ਰਦੇਸ਼ ਦੇ ਭੋਪਾਲ ਅਤੇ ਸ਼ਿਵਪੁਰੀ ਸ਼ਾਮਲ ਹਨ। ਇਨ੍ਹਾਂ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ, ਜਿਸ ਨਾਲ ਚਾਰ ਮੁਲਜ਼ਮਾਂ ਦੀ ਗ੍ਰਿਫਤਾਰੀ ਹੋਈ।

ਅਧਿਕਾਰੀ ਨੇ ਦੱਸਿਆ ਕਿ ਗੈਂਗ ਪੈਸਿਆਂ ਨੂੰ ਲਾਂਡਰ ਕਰਨ ਲਈ ਇੱਕ ਬਹੁ-ਪੱਧਰੀ ਪ੍ਰਣਾਲੀ ਦੀ ਵਰਤੋਂ ਕਰਦਾ ਸੀ, ਜਿੱਥੇ ਫੰਡਾਂ ਨੂੰ ਕਈ ਬੈਂਕ ਖਾਤਿਆਂ ਰਾਹੀਂ ਟਰਾਂਸਫਰ ਕੀਤਾ ਜਾਂਦਾ ਸੀ ਅਤੇ ਫਿਰ ਬੈਂਕਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਪਤਾ ਲੱਗਣ ਤੋਂ ਬਚਣ ਲਈ ਇਸਨੂੰ ਕ੍ਰਿਪਟੋਕਰੰਸੀ, ਖਾਸ ਤੌਰ 'ਤੇ ਯੂਐੱਸਡੀਟੀ (ਟੀਥਰ) ਵਿੱਚ ਬਦਲਿਆ ਜਾਂਦਾ ਸੀ। ਪੁਲੀਸ ਅਨੁਸਾਰ ਸਿੰਡੀਕੇਟ ਦੇ ਹੋਰ ਮੈਂਬਰਾਂ ਦੀ ਪਛਾਣ ਕਰਨ ਅਤੇ ਲਾਂਡਰਿੰਗ ਕੀਤੇ ਫੰਡਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

## ਕਮਜ਼ੋਰ ਪਾਸਵਰਡ ਰੱਖਣ ਵਾਲੇ ਖ਼ਬਰਦਾਰ! ਵਾਇਰਸ ਹਮਲੇ ਨੇ 158 ਸਾਲ ਪੁਰਾਣੀ ਕੰਪਨੀ ਬੰਦ ਕਰਵਾਈ

ਨਵੀਂ ਦਿੱਲੀ, 22 ਜੁਲਾਈ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਇੱਕ 158 ਸਾਲ ਪੁਰਾਣੀ ਯੂਕੇ ਟਰਾਂਸਪੋਰਟ ਕੰਪਨੀ 'KNP LOGISTICS' ਉੱਤੇ ਰੈਨਸਮਵੇਅਰ ਅਟੈਕ ਹੋਇਆ, ਜਿਸ ਕਰ ਕੇ ਕੰਪਨੀ ਬੰਦ ਹੋ ਗਈ ਅਤੇ 700 ਵਿਅਕਤੀਆਂ ਦਾ ਰੁਜ਼ਗਾਰ ਖੁੱਸ ਗਿਆ। ਰਿਪੋਰਟ ਅਨੁਸਾਰ ਅਕੀਰਾ ਹੈਕਰ ਗਰੁੱਪ ਨੇ ਕਥਿਤ ਤੌਰ 'ਤੇ ਇੱਕ ਕਰਮਚਾਰੀ ਦੇ ਪਾਸਵਰਡ ਦਾ ਅੰਦਾਜ਼ਾ ਲਗਾ ਕੇ ਕੰਪਨੀ ਦੇ ਡੇਟਾ ਨੂੰ




ਐਨਕ੍ਰਿਪਟ ਕੀਤਾ ਅਤੇ ਅੰਦਾਜ਼ਨ 50 ਲੱਖ ਪੌਂਡ ਫਿਰੌਤੀ ਦੀ ਮੰਗ ਕੀਤੀ। KNP ਡਾਇਰੈਕਟਰ ਪੌਲ ਅਬੋਟ ਦੇ ਮੁਤਾਬਿਕ, ਹੈਕਰ ਕਰਮਚਾਰੀ ਦਾ ਕਮਜ਼ੋਰ ਪਾਸਵਰਡ ਹੋਣ ਕਰਕੇ ਕੰਪਨੀ ਦੇ ਨੈੱਟਵਰਕ ਤਕ ਪਹੁੰਚਿਆ। ਸਾਇਬਰ ਇਨਸ਼ੋਰੈਂਸ ਹੋਣ ਦੇ ਬਾਵਜੂਦ ਕੰਪਨੀ ਇਸਨੂੰ ਰਿਕਵਰ ਕਰਨ ਵਿੱਚ ਅਸਫਲ ਰਹੀ। ਕੰਪਨੀ ਦਾ ਕੰਮਕਾਜ ਪ੍ਰਭਾਵਿਤ ਹੋਇਆ, ਜਿਸ ਕਰਕੇ ਕੰਪਨੀ ਬੰਦ ਹੋ ਗਈ। ਨੈਸ਼ਨਲ ਸਾਈਬਰ ਸੁਰੱਖਿਆ ਕੇਂਦਰ (NCSC) ਨੂੰ ਚਿੰਤਾ ਹੈ ਕਿ ਸਾਲ 2025 ਯੂਕੇ ਵਿੱਚ ਅਜਿਹੇ ਹਮਲਿਆਂ ਲਈ ਸਭ ਤੋਂ ਭੈੜਾ ਸਾਲ ਬਣ ਸਕਦਾ ਹੈ।




ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।


ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ




BRAMPTON
CASH & CARRY
ROYAL GALA APPLE 1LB $0.98
TOMATOES 1LB $0.99
CAULIFLOWER $1.98
WATERMELON MINI $3.98
LYALLPUR PUNJABI GUR 3KG $9.99 Save $2
SOCIAL TEA PREMIUN TEA 2LB $4.98
Y&Y CHOWMEIN NOODLES 12KG $23.98
GOBIND PANEER 1.6 KG $17.79
BEST FOOD PESI GUR 3KG $9.99 Save $2
CHIM'S VEG HAKKA NOODLES 140G $0.79
SAVERA DESI GHEE 1.6 KG $23.98
LYALLPUR ATTA BISCUIT 1.8KG $9.98
PUNJABI SHAKKAR 3KG $9.99 Save $2
AAPKI PASAND ROASTED CHANA 400G $2.98
CHIM'S GREEN CHILLI SAUCE 200G $1.49
AMLA MURABBA 1KG $3.98
JAGGERY POWDER 3 KG $9.99 Save $2
CHING'S HAKA NOODLES 560G $2.49
CHIM'S SCHEZWAN SAUCE 250G $1.49
CHIM'S RED CHILLI SAUCE 200G $1.49
BRAMPTON
CASH & CARRY
IMPORTER | WHOLESALER | RETAILER
CONTACT: 905-230-4800
100 KENNEDY ROAD SOUTH BRAMPTON